# ਸੋਸਾਇਟੀ ਫਾਰ ਪ੍ਰੋਮੋਸ਼ਨ ਆਫ ਕੋਆਲਿਟੀ ਐਜੂਕੇਸ਼ਨ ਫਾਰ ਪੂਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ

ਪੰਜਵੀਂ ਮੰਜ਼ਿਲ, ਬਲਾਕ ਈ, ਵਿੱਦਿਆ ਭਵਨ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8 ਮੋਹਾਲੀ (ਪੰਜਾਬ)

ਫੋਨ ਨੰ. 0172-5212367ਈਮੇਲ -meritorious.punjab@punjabeducation.gov.in


**MS/38477/341(B)/2024/119414** **Dated:-15.05.2024**

## ਜਨਤਕ ਸੂਚਨਾ

ਮੈਰੀਟੋਰੀਅਸ ਸੁਸਾਇਟੀ ਵੱਲੋਂ ਜਾਰੀ ਕੀਤੀ ਗਈ ਜਨਤਕ ਸੂਚਨਾ ਨੰ. MS/38477/341(B)/2024/114106 ਮਿਤੀ 07.05.2024 ਦੀ ਲਗਾਤਾਰਤਾ ਵਿੱਚ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲੇ ਸਬੰਧੀ ਕਰਵਾਈ ਗਈ ਪਹਿਲੀ ਕਾਊਂਸਲਿੰਗ ਉਪਰੰਤ ਖਾਲੀ ਰਹਿ ਗਈਆ ਸੀਟਾਂ ਨੂੰ ਭਰਨ ਲਈ ਦੂਜੀ ਕਾਊਂਸਲਿੰਗ ਮਿਤੀ 16.05.2024 ਅਤੇ 17.05.2024 ਨੂੰ ਨਾਲ ਨੱਥੀ ਲਿਸਟ ਵਿੱਚ ਦਰਸਾਏ ਗਏ ਸਕੂਲ/ਸੰਸਥਾ ਵਿੱਚ ਕਰਵਾਈ ਜਾਵੇਗੀ। ਉਮੀਦਵਾਰਾਂ ਲਈ ਮੈਰਿਟ ਲਿਸਟਾਂ (gender wise) ਨਾਲ ਨੱਥੀ ਹਨ। ਕਾਊਂਸਲਿੰਗ ਲਈ ਸਮਾਂ ਸਾਰਣੀ (schedule) ਹੇਠ ਲਿਖੇ ਅਨੁਸਾਰ ਹੋਵੇਗੀ:-

| ਲੜੀ ਨੰ. | ਮਿਤੀ/ਦਿਨ | ਲੜਕੀਆਂ ਲਈ ਕਾਊਂਸਲਿੰਗ ਦਾ ਸ਼ਡਿਊਲ | ਲੜਕਿਆਂ ਲਈ ਕਾਊਂਸਲਿੰਗ ਦਾ ਸ਼ਡਿਊਲ |
|---|---|---|---|
| 1. | 16.05.2024 (ਵੀਰਵਾਰ) | ਲੜੀ ਨੰ. 1 ਤੋਂ 695 | ਲੜੀ ਨੰ. 1 ਤੋਂ 483 |
| 2. | 17.05.2024 (ਸ਼ੁੱਕਰਵਾਰ) | ਲੜੀ ਨੰ. 696 ਤੋਂ 1390 | ਲੜੀ ਨੰ. 484 ਤੋਂ 966 |

2.0 ਕਾਊਂਸਲਿੰਗ ਲਈ ਬੁਲਾਏ ਜਾਣ ਦਾ ਇਹ ਮਤਲਬ ਇਹ ਨਹੀਂ ਹੋਵੇਗਾ ਕਿ ਉਮੀਦਵਾਰਾਂ ਦਾ ਮੈਰੀਟੋਰੀਅਸ ਸਕੂਲ ਵਿੱਚ ਦਾਖਲਾ ਸੁਨਿਸ਼ਚਿਤ ਹੋ ਗਿਆ ਹੈ। ਜਿਸ ਸਮੇਂ ਵੀ ਸੀਟਾਂ ਭਰ ਜਾਂਦੀਆਂ ਹਨ, ਉਸ ਸਮੇਂ ਕਾਊਂਸਲਿੰਗ ਬੰਦ ਕਰ ਦਿੱਤੀ ਜਾਵੇਗੀ। ਦਾਖਲਾ eligible ਉਮੀਦਵਾਰਾਂ ਵਿੱਚੋਂ ਕੇਵਲ ਦਾਖਲਾ ਪ੍ਰਵੇਸ਼ ਪ੍ਰੀਖਿਆ ਦੀ ਮੈਰਿਟ ਦੇ ਆਧਾਰ ਤੇ ਉੱਚ ਮੈਰਿਟ ਵਾਲੇ ਉਮੀਦਵਾਰਾਂ ਦਾ ਹੀ ਕੀਤਾ ਜਾਵੇਗਾ।

3.0 ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਵੇਰੇ 8.00 ਵਜੇ ਤੱਕ ਨਾਲ ਨੱਥੀ ਲਿਸਟ ਅਨੁਸਾਰ ਕਿਸੇ ਵੀ ਸਕੂਲ ਵਿੱਚ ਰਿਪੋਰਟ ਕਰਨਗੇ। ਜੇਕਰ ਉਮੀਦਵਾਰ ਦੇਰੀ ਨਾਲ ਕਾਊਂਸਲਿੰਗ ਵਿੱਚ ਸ਼ਾਮਿਲ ਹੁੰਦਾ ਹੈ ਤਾਂ ਉਸਦੀ ਗੈਰਹਾਜ਼ਰੀ ਦੀ ਸਥਿਤੀ ਵਿੱਚ ਉਸ ਤੋਂ ਅਗਲੇ ਉਮੀਦਵਾਰ ਨੂੰ ਮੌਕਾ ਦਿੱਤਾ ਜਾਵੇਗਾ।

4.0 ਦਾਖਲਾ ਪ੍ਰਵੇਸ਼ ਪ੍ਰੀਖਿਆ ਵਿੱਚੋਂ ਪ੍ਰਾਪਤ ਅੰਕਾਂ ਅਨੁਸਾਰ ਤਿਆਰ ਮੈਰਿਟ ਲਿਸਟ ਦੇ ਆਧਾਰ ਤੇ ਹੀ ਕੀਤਾ ਜਾਵੇਗਾ।

5.0 ਕੁੱਲ ਪ੍ਰਵਾਨਤ ਸੀਟਾਂ ਵਿੱਚੋਂ 60% ਸੀਟਾਂ ਲੜਕੀਆਂ ਲਈ ਅਤੇ 40% ਲੜਕਿਆਂ ਲਈ (ਮੈਰੀਟੋਰੀਅਸ ਸਕੂਲ ਤਲਵਾੜਾ ਨੂੰ ਛੱਡ ਕੇ) ਰਾਖਵੀਆਂ ਹਨ। ਮੈਰੀਟੋਰੀਅਸ ਸਕੂਲ ਤਲਵਾੜਾ ਵਿੱਚ ਸਾਰੀਆਂ ਸੀਟਾਂ ਕੇਵਲ ਲੜਕੀਆਂ ਲਈ ਰਾਖਵੀਆਂ ਹਨ।

6.0 ਐਸ.ਸੀ./ਐਸ.ਟੀ. ਕੈਟਾਗਰੀ ਨਾਲ ਸਬੰਧਤ ਉਮੀਦਵਾਰਾਂ ਦੇ ਦਸਵੀਂ ਜਮਾਤ ਪਾਸ ਕਰਨ ਸਮੇਂ ਘੱਟੋਂ ਘੱਟ 65% ਅੰਕ ਅਤੇ ਬਾਕੀ ਸਭ ਕੈਟਾਗਰੀ ਦੇ ਉਮੀਦਵਾਰਾਂ ਦੇ ਘੱਟੋ ਘੱਟ 70% ਅੰਕ ਹੋਣੇ ਲਾਜ਼ਮੀ ਹਨ, ਦਸਵੀਂ ਜਮਾਤ ਵਿੱਚ ਇਸ ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ ਨੂੰ ਮੈਰੀਟੋਰੀਅਸ ਸਕੂਲਾਂ ਦੇ ਦਾਖਲੇ ਲਈ ਨਹੀਂ ਵਿਚਾਰਿਆ ਜਾਵੇਗਾ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੋਰਟਲ ਤੋਂ ਡਿਜੀ-ਲਾਕਰ ਰਾਹੀਂ ਡਾਊਨਲੋਡ ਕੀਤਾ ਗਿਆ 10ਵੀਂ ਜਮਾਤ ਦਾ ਸਰਟੀਫਿਕੇਟ valid ਹੋਵੇਗਾ, ਪਰ ਉਸ ਤੇ ਸਕੂਲ ਪ੍ਰਿੰਸੀਪਲ ਦਾ ਹਸਤਾਖਰ (ਸਮੇਤ ਮੋਹਰ) ਹੋਣੇ ਲਾਜਮੀ ਹਨ।

7.0 ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਅਤੇ ਸਰਕਾਰ ਵੱਲੋਂ ਸਹਾਇਤਾ ਪ੍ਰਾਪਤ ਸਕੂਲਾਂ ਦੇ ਉਮੀਦਵਾਰਾਂ ਲਈ 10% ਸੀਟਾਂ ਆਟਾ ਦਾਲ ਸਕੀਮ ਤਹਿਤ ਰਾਖਵੀਆਂ ਹਨ, ਪਰ ਉਨ੍ਹਾਂ ਉਮੀਦਵਾਰਾਂ ਕੋਲ ਸਮਰੱਥ ਅਧਿਕਾਰੀ ਵੱਲੋਂ ਜਾਰੀ ਨਵੀਨਤਮ (ਛੇ ਮਹੀਨੇ ਤੋਂ ਪੁਰਾਣਾ ਨਾ ਹੋਵੇ) ਆਟਾ ਦਾਲ ਸਮਾਰਟ ਕਾਰਡ ਲਾਜਮੀ ਹੋਣਾ ਚਾਹੀਦਾ ਹੈ। ਪੁਰਾਣਾ ਹੋਣ ਦੀ ਸੂਰਤ ਵਿੱਚ ਸਬੰਧਤ ਸਮਰੱਥ ਅਧਿਕਾਰੀ ਤੋਂ ਮਿਤੀ ਅਤੇ ਮੋਹਰ ਸਮੇਤ ਕਾਉਂਟਰਸਾਈਨ ਕਰਵਾ ਕੇ ਕਾਊਂਸਲਿੰਗ ਦੀ ਮਿਤੀ ਨੂੰ ਪੇਸ਼ ਕੀਤਾ ਜਾਵੇ। ਅਜਿਹਾ ਨਾ ਹੋਣ ਤੇ ਮੈਰੀਟੋਰੀਅਸ ਸਕੂਲਾਂ ਦੇ ਦਾਖਲੇ ਲਈ ਨਹੀਂ ਵਿਚਾਰਿਆ ਜਾਵੇਗਾ।

8.0 ਸਰੀਰਕ ਪੱਖੋਂ ਵਿਕਲਾਂਗ female ਉਮੀਦਵਾਰਾਂ ਲਈ 10% ਸੀਟਾਂ ਅਤੇ ਵਿਕਲਾਂਗ male ਉਮੀਦਵਾਰਾਂ ਲਈ 5% ਸੀਟਾਂ, ਉਨ੍ਹਾਂ ਉਮੀਦਵਾਰਾਂ ਲਈ ਰਾਖਵੀਆਂ ਹੋਣਗੀਆਂ, ਜਿਨ੍ਹਾਂ ਕੋਲ ਸਮਰੱਥ ਅਧਿਕਾਰੀ ਵੱਲੋਂ ਜਾਰੀ 40% ਜਾਂ ਇਸ ਤੋਂ ਵੱਧ ਵਿਕਲਾਂਗਤਾ ਦਾ ਸਰਟੀਫਿਕੇਟ ਹੋਵੇ। ਸਰਟੀਫਿਕੇਟ ਨਾ ਹੋਣ ਦੀ ਸੂਰਤ ਵਿੱਚ ਦਾਖਲੇ ਦਾ ਕਲੇਮ ਵਿਚਾਰਨਯੋਗ ਨਹੀਂ ਹੋਵੇਗਾ।

9.0 Women Headed Household ਦਾ 20% ਰਾਖਵਾਂਕਰਨ ਕੇਵਲ ਉਨ੍ਹਾਂ ਲੜਕੀਆਂ ਨੂੰ ਹੀ ਦਿੱਤਾ ਜਾਵੇਗਾ, ਜਿਨ੍ਹਾਂ ਕੋਲ ਮੈਰੀਟੋਰੀਅਸ ਸੁਸਾਇਟੀ ਦੇ ਨੋਟੀਫਿਕੇਸ਼ਨ ਅਨੁਸਾਰ ਸਮਰੱਥ ਅਧਿਕਾਰੀ ਦੁਆਰਾ ਜਾਰੀ ਕੀਤਾ ਲੋੜੀਂਦਾ ਪ੍ਰਮਾਣਿਤ ਸਰਟੀਫਿਕੇਟ ਹੋਵੇ। ਸਰਟੀਫਿਕੇਟ ਨਾ ਹੋਣ ਦੀ ਸੂਰਤ ਵਿੱਚ ਦਾਖਲੇ ਦਾ ਕਲੇਮ ਵਿਚਾਰਨਯੋਗ ਨਹੀਂ ਹੋਵੇਗਾ।

10.0 ਮੈਰਿਟ ਲਿਸਟ ਵਿੱਚ ਜਿਨ੍ਹਾਂ ਉਮੀਦਵਾਰਾਂ ਦਾ ਨਤੀਜਾ conditionally Qualified ਘੋਸ਼ਿਤ ਕੀਤਾ ਗਿਆ ਹੈ, ਉਹ ਉਮੀਦਵਾਰਾਂ ਕਾਊਂਸਲਿੰਗ ਵਿੱਚ ਹਾਜਰ ਹੋਣ ਸਮੇਂ ਇਹ ਸੁਨਿਸ਼ਚਿਤ ਕਰਨ ਕਿ ਐਸ.ਸੀ./ਐਸ.ਟੀ. ਕੈਟਾਗਰੀ ਨਾਲ ਸਬੰਧਤ ਉਮੀਦਵਾਰਾਂ ਦੇ ਦਸਵੀਂ ਜਮਾਤ ਪਾਸ ਕਰਨ ਸਮੇਂ ਘੱਟੋਂ ਘੱਟ 65% ਅੰਕ ਅਤੇ ਬਾਕੀ ਸਭ ਕੈਟਾਗਰੀ ਦੇ ਉਮੀਦਵਾਰਾਂ ਦੇ ਘੱਟੋ ਘੱਟ 70% ਅੰਕ ਪ੍ਰਾਪਤ ਕੀਤੇ ਗਏ ਹਨ। ਇਸਤੋਂ ਘੱਟ ਅੰਕ ਵਾਲੇ ਉਮੀਦਵਾਰ ਨੂੰ ਮੈਰੀਟੋਰੀਅਸ ਸਕੂਲਾਂ ਦੇ ਦਾਖਲੇ ਲਈ ਨਹੀਂ ਵਿਚਾਰਿਆ ਜਾਵੇਗਾ।

11.0 ਜਿਨ੍ਹਾਂ ਉਮੀਦਵਾਰਾਂ ਵੱਲੋਂ ਐਸ.ਸੀ./ਐਸ.ਟੀ., Women Headed Household, Physically Disabled ਅਤੇ ਆਟਾ ਦਾਲ ਸਕੀਮ ਨਾਲ ਸਬੰਧਤ ਸਮਾਰਟ ਕਾਰਡ (ਸਰਕਾਰ ਤੋਂ ਸਹਾਇਤਾ ਪ੍ਰਾਪਤ ਸਕੂਲ ਅਤੇ ਪ੍ਰਾਈਵੇਟ ਸਕੂਲ, ਜੋ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫੀਲੇਟਡ ਹੋਣ) ਵਿੱਚ ਅਪਲਾਈ ਕੀਤਾ ਹੈ, ਉਹ ਆਪਣੀ ਕੈਟਾਗਰੀ ਨਾਲ ਸਬੰਧਤ ਅਸਲ ਸਰਟੀਫਿਕੇਟ ਅਤੇ ਫੋਟੋ ਕਾਪੀ ਨਾਲ ਲੈ ਕੇ ਆਉਣ।

12.0 ਉਮੀਦਵਾਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਤੈਅ ਸ਼ਡਿਊਲ ਅਨੁਸਾਰ ਆਪਣੀ ਕਾਊਂਸਲਿੰਗ ਵਿੱਚ ਹਾਜਰ ਹੋਣ। ਜੇਕਰ ਉਹ ਤੈਅ ਮਿਤੀ ਜਾਂ ਸਡਿਊਲ ਅਨੁਸਾਰ ਕਾਊਂਸਲਿੰਗ ਵਿੱਚ ਹਾਜਰ

ਨਹੀਂ ਹੁੰਦੇ ਤਾਂ ਬਾਅਦ ਵਿੱਚ ਉਨ੍ਹਾਂ ਦੀ ਕਾਊਂਸਲਿੰਗ ਸਬੰਧੀ ਕਿਸੇ ਕਿਸਮ ਦੀ ਪ੍ਰਤੀਬੇਨਤੀ/ਕਲੇਮ ਵਿਚਾਰਿਆ ਨਹੀਂ ਜਾਵੇਗਾ।

13.0 ਕਾਊਂਸਲਿੰਗ ਦੌਰਾਨ ਉਮੀਦਵਾਰ ਨੂੰ ਸੀਟ ਅਲਾਟ ਹੋਣ ਉਪਰੰਤ ਦਾਖਲਾ ਪ੍ਰਾਪਤ ਕਰਨ ਵਾਲਾ ਉਮੀਦਵਾਰ 2 ਦਿਨਾਂ ਦੇ ਅੰਦਰ ਅੰਦਰ ਅਲਾਟ ਹੋਏ ਸਕੂਲ ਵਿੱਚ ਰਿਪੋਰਟ ਕਰੇਗਾ। ਜੇਕਰ ਉਹ 2 ਦਿਨਾਂ ਅੰਦਰ ਅਲਾਟ ਹੋਏ ਸਕੂਲ ਵਿੱਚ ਰਿਪੋਰਟ ਨਹੀਂ ਕਰਦਾ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਮੈਰੀਟੋਰੀਅਸ ਸਕੂਲ ਵਿੱਚ ਦਾਖਲਾ ਪ੍ਰਾਪਤ ਕਰਨ ਦਾ ਇਛੁੱਕ ਨਹੀਂ ਹੈ ਅਤੇ ਅਜਿਹੀ ਸਥਿਤੀ ਵਿੱਚ ਉਸ ਦੀ ਸੀਟ ਨੂੰ ਖਾਲੀ ਸਮਝਿਆ ਜਾਵੇਗਾ। ਬਾਅਦ ਵਿੱਚ ਉਮੀਦਵਾਰ ਦਾ ਸੀਟ ਲਈ ਕੋਈ ਕਲੇਮ ਵਿਚਾਰਿਆ ਨਹੀਂ ਜਾਵੇਗਾ।

14.0 ਕੋਈ ਵੀ ਉਮੀਦਵਾਰ ਮੈਰੀਟੋਰੀਅਸ ਸਕੂਲ ਵਿੱਚ ਦਾਖਲੇ ਹਿੱਤ ਕਾਊਂਸਲਿੰਗ ਲਈ ਜਾਰੀ ਕੀਤੀ ਸੰਸਥਾਵਾਂ ਦੀ ਸੂਚੀ ਵਿਚੋਂ ਕਿਸੇ ਵੀ ਸੰਸਥਾ ਵਿੱਚ ਕਾਊਂਸਲਿੰਗ attend ਕਰ ਸਕਦਾ ਹੈ।

15.0 ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਕਾਊਂਸਲਿੰਗ ਸਬੰਧੀ ਸਮੇਂ-ਸਮੇਂ ਤੇ ਕੀਤੀਆਂ ਜਾਂਦੀਆਂ ਤਬਦੀਲੀਆਂ ਬਾਰੇ ਜਾਣਕਾਰੀ ਲਈ ਵਿਭਾਗ ਦੀ ਵੈੱਬਸਾਈਟ ਚੈੱਕ ਕਰਦੇ ਰਹਿਣ।

**ਸਹਾਇਕ ਪ੍ਰੋਜੈਕਟ ਡਾਇਰੈਕਟਰ**

**ਮੈਰੀਟੋਰੀਅਸ ਸੁਸਾਇਟੀ**